11-5-17 (Evening)

This question paper contains 2 printed pages]

**Roll No.** | | | | | | | | | | | |

S. No. of Question Paper : **9046**

Unique Paper Code : **52121414** **GC**

Name of the Paper : **Medieval Narrative Poetry, Auto Biography & Functional Punjabi**

Name of the Course : **B.Com. (Prog.) Core M.I.L.**

Semester : **IV**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਕਿਸੇ ਇਕ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ। 10

"ਤੁਸਾਂ, ਦੋਹਾਂ ਨੇ ਰੱਬ ਨੂੰ ਯਾਦ ਕਰਨਾ, ਨਹੀਂ ਇਸ਼ਕ ਨੂੰ ਲੀਕ ਲਗਾਵਣਾ ਈ।
ਬੱਚਾ, ਖਾਹ ਚੂਰੀ, ਚੋਇ ਮੱਝ ਬੂਰੀ, ਜ਼ਰਾ ਜੀਉ ਨੂੰ ਨਹੀਂ ਡੁਲਾਵਣਾ ਈ।
ਅੱਠੇ ਪਹਿਰ ਖ਼ੁਦਾ ਦੀ ਯਾਦ ਅੰਦਰ, ਤੁਸਾਂ ਜ਼ਿਕਰ ਤੇ ਖ਼ੈਰ ਕਮਾਵਣਾ ਈ।
ਵਾਰਿਸ ਸ਼ਾਹ, ਪੰਜਾਂ ਪੀਰਾਂ ਹੁਕਮ ਕੀਤਾ, ਬੱਚਾ ਇਸ਼ਕ ਨੂੰ ਲਾਜ ਨਾ ਲਾਵਣਾ ਈ।"

ਜਾਂ

"ਦੁਰਗਾ ਅਤੈ ਦਾਨਵੀ ਗਹ ਸੰਘਰਿ ਘੱਤੇ।
ਓਰੜ ਉਠੇ ਸੂਰਮੇ ਆ ਡਾਹੇ ਮੱਥੇ।
ਕਟਕ ਤੁਫੰਗੀ ਕੈਬਰੀਂ ਦਲੁ ਗਾਹਿ ਨਿਕੱਥੇ।
ਦੇਖਨਿ ਜੰਗ ਫਰੇਸ਼ੇਤ ਅਸਮਾਨੋਂ ਲੱਥੇ।"

2. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ। ਕੋਈ ਤਿੰਨ ਕਰੋ। 15

ੳ) 'ਮਿਰਜ਼ਾ ਸਾਹਿਬਾਂ' ਕਿੱਸੇ ਦਾ ਕਥਾ-ਸਾਰ ਆਪਣੇ ਸ਼ਬਦਾਂ ਵਿਚ ਲਿਖੋ।

ਅ) 'ਹੀਰ-ਰਾਂਝਾ', 'ਚੰਡੀ ਦੀ ਵਾਰ', 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਕਿੱਸਾ 'ਸੱਸੀ-ਪੁੰਨੂੰ' ਦੇ ਕਵੀਆਂ ਦੇ ਨਾਮ ਲਿਖੋ।

ੲ) 'ਚੰਡੀ ਦੀ ਵਾਰ' ਰਚਣ ਦੇ ਮੁਖ ਉਦੇਸ਼ਾਂ ਉਪਰ ਰੋਸ਼ਨੀ ਪਾਓ।

ਸ) 'ਵਾਰ ਤੇ ਜੰਗਨਾਮੇ' ਵਿਚ ਕੀ ਅੰਤਰ ਹੈ ? ਸਪਸ਼ਟ ਕਰੋ।

ਹ) 'ਹੀਰ-ਰਾਂਝੇ' ਦੇ ਕਿੱਸੇ ਵਿਚਲੇ ਮੰਗਲਾਚਰਨ ਦੇ ਮਹੱਤਵ ਨੂੰ ਲਿਖੋ।

P.T.O.

3. ਕਾਰਕ ਦੀ ਪਰਿਭਾਸ਼ਾ ਦੱਸਦੇ ਹੋਏ ਇਸ ਦੇ ਮੁੱਖ ਭੇਦਾਂ ਨਾਲ ਜਾਣ-ਪਛਾਣ ਕਰਾਓ ? 10

ਜਾਂ

ਸਵਰ ਤੇ ਵਿਅੰਜਨ ਧੁਨੀਆਂ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਥਾਰ ਨਾਲ ਚਰਚਾ ਕਰੋ।

4. 'ਸ਼ਬਦ-ਸ਼ਕਤੀ' ਤੋਂ ਕੀ ਭਾਵ ਹੈ ? ਚਰਚਾ ਕਰੋ। 5

5. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਪ੍ਰਸ਼ਨਾਂ ਦੇ ਉੱਤਰ ਦਿਓ : 10

'ਅਲੰਕਾਰ, ਅਰਥ-ਅਭਿਵਿਅਕਤੀ ਵਿਚ ਸਹਾਇਕ ਹੁੰਦੇ ਹਨ ਅਤੇ ਕਾਵਿ-ਆਨੰਦ ਵਿਚ ਵਾਧਾ ਕਰਦੇ ਹਨ। ਕਾਵਿ ਦੇ ਸੰਚਾਰ ਤੇ ਪ੍ਰਭਾਵ ਪੱਖ ਵਿਚ ਅਲੰਕਾਰਾਂ ਦਾ ਆਪਣਾ ਹੀ ਮਹੱਤਵ ਹੈ। ਕਵਿਤਾ ਵਿਚ ਭਾਸ਼ਾ ਦੀਆਂ ਸਾਰੀਆਂ ਸ਼ਕਤੀਆਂ ਤੋਂ ਕੰਮ ਲੈਣਾ ਪੈਂਦਾ ਹੈ। ਵਸਤੂ ਅਤੇ ਵਪਾਰ ਦੀ ਭਾਵਨਾ ਚਟਕੀਲੀ ਕਰਨ ਅਤੇ ਭਾਵ ਨੂੰ ਜ਼ਿਆਦਾ ਉਜਾਗਰ ਕਰਨ ਲਈ ਕਦੇ ਕਿਸੇ ਵਸਤੂ ਦਾ ਆਕਾਰ ਬਹੁਤ ਵਧਾ ਕੇ ਦਿਖਾਉਣਾ ਪੈਂਦਾ ਹੈ। ਕਦੇ-ਕਦੇ ਗੱਲ ਨੂੰ ਘੁੰਮਾ-ਫਿਰਾ ਕੇ ਕਹਿਣਾ ਪੈਂਦਾ ਹੈ। ਇਸ ਤਰ੍ਹਾਂ ਦੇ ਭਿੰਨ-ਭਿੰਨ ਵਿਧਾਨ ਅਤੇ ਕਥਨ ਢੰਗ ਨੂੰ ਅਲੰਕਾਰ ਕਹਿੰਦੇ ਹਨ। ਸ਼ਬਦ ਅਲੰਕਾਰ ਦੀ ਬਾਹਰਲੀ ਵਿਸ਼ੇਸ਼ਤਾ ਉਪਰ ਆਧਾਰਤ ਹਨ।'

ੳ) ਅਲੰਕਾਰ ਕਵਿਤਾ ਦੀ ਅਭਿਵਿਅਕਤੀ ਵਿਚ ਕਿਵੇਂ ਸਹਾਇਕ ਹੁੰਦੇ ਹਨ ?

ਅ) ਉਪਰ ਲਿਖੇ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

ੲ) ਅਲੰਕਾਰ ਕਿਸ ਨੂੰ ਕਹਿੰਦੇ ਹਨ ?

6. ਜੀਵਨੀ ਅਤੇ ਸਵੈ-ਜੀਵਨੀ ਵਿਚ ਅੰਤਰ ਦੱਸਦੇ ਹੋਏ ਬਚਿੰਤ ਕੌਰ ਦੀ ਸਵੈ-ਜੀਵਨੀ 'ਪਗਡੰਡੀਆਂ' ਬਾਰੇ ਚਰਚਾ ਕਰੋ। 15

ਜਾਂ

'ਪਗਡੰਡੀਆਂ' ਸਵੈ-ਜੀਵਨੀ ਵਿਚ ਬਚਿੰਤ ਕੌਰ ਨਾਰੀ ਦੀ ਸੰਵੇਦਨਾ ਨੂੰ ਪੇਸ਼ ਕਰਦੀ ਹੈ। ਚਰਚਾ ਕਰੋ।

7. ਹੇਠ ਲਿਖੇ ਅਧਿਆਇ ਵਿਚੋਂ ਕਿਸੇ ਇਕ ਅਧਿਆਇ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ? 10

ੳ) ਜੋਬਨ ਰੁੱਤ

ਅ) ਸ਼ੀਸ਼ ਮਹਿਲ

ੲ) ਮੁਹੱਬਤ ਇਕ ਹਾਦਸਾ